

ਮਾਣਯੋਗ ਖੇਤੀਬਾੜੀ ਮੰਤਰੀ ਸ. ਤੋਤਾ ਸਿੰਘ ਕੋਲੋਂ ਸ. ਜਸਵੰਤ ਸਿੰਘ
'ਸ. ਸੁਰਜੀਤ ਸਿੰਘ ਢਿੱਲੋਂ ਪੁਰਸਕਾਰ' ਹਾਸਲ ਕਰਦੇ ਹੋਏ ।
ਪੀ ਏ ਯੂ ਦੇ ਪ੍ਰਬੰਧਕੀ ਬੋਰਡ ਦੇ ਸਾਬਕਾ ਮੈਂਬਰ ਸਰਦਾਰਨੀ ਕਰਮਜੀਤ ਕੌਰ
ਦਾਨੇਵਾਲੀਆ ਨਾਲ ਖੜ੍ਹੇ ਹਨ ।

## ਫੁੱਲਾਂ ਦੇ ਕਾਸ਼ਤਕਾਰ
# ਸ. ਜਸਵੰਤ ਸਿੰਘ

ਜਸਵੰਤ ਸਿੰਘ ਫੁੱਲਾਂ ਦੀ ਕਾਸ਼ਤਕਾਰ ਕਰਨ ਵਾਲਿਆਂ ਲਈ ਚਾਨਣ ਮੁਨਾਰਾ ਹਨ । 35 ਸਾਲਾਂ ਜਸਵੰਤ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਰੋਡੇ ਜੱਲੇ ਵਾਲੇ ਦੇ ਵਸਨੀਕ ਹਨ । ਉਨ੍ਹਾਂ ਨੇ 10+2 ਤੱਕ ਵਿੱਦਿਆ ਪ੍ਰਾਪਤ ਕੀਤੀ ਹੈ ਅਤੇ ਆਪਣੇ ਸੰਯੁਕਤ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਹੇ ਹਨ । ਉਨ੍ਹਾਂ ਦਾ ਫੁੱਲਾਂ ਦੀ ਖੇਤੀ ਵਿੱਚ 20 ਸਾਲ ਦਾ ਤਜਰਬਾ ਹੈ। ਉਹ ਮੁੱਖ ਤੌਰ ਤੇ ਗੇਂਦਾ, ਗਲੈਡਿਉਲਸ, ਗੁਲਾਬ, ਅਤੇ ਗੁਲਦਾਉਦੀ ਦੀ ਕਾਸ਼ਤ ਕਰਦੇ ਹਨ । ਉਨ੍ਹਾਂ ਨੇ ਸਾਰਾ ਸਾਲ ਵੱਖ-ਵੱਖ ਫੁੱਲਾਂ ਦੀ ਕਾਸ਼ਤ ਦਾ ਫ਼ਸਲੀ ਚੱਕਰ ਅਪਣਾਇਆ ਹੈ ਜਿਵੇਂ ਕਿ ਅਗਸਤ ਤੋਂ ਮਾਰਚ ਦੇ ਸਮੇਂ ਉਹ ਗਲੈਡਿਉਲਸ, ਗੁਲਾਬ (ਲੂਜ਼ ਅਤੇ ਕੱਟ ਦੋਨੋਂ) ਅਤੇ ਗੁਲਦਾਉਦੀ ਦੀ ਕਾਸ਼ਤ ਕਰਦੇ ਹਨ । ਫਿਰ ਅਖ਼ੀਰ ਮਾਰਚ ਤੋਂ ਜੁਲਾਈ ਦੇ ਮਹੀਨੇ ਉਹ ਲੱਡੂ ਗੇਂਦਾ ਅਤੇ ਗਲੈਡਿਉਲਸ ਦੀ ਕਾਸ਼ਤ ਕਰਦੇ ਹਨ ਜਦਕਿ ਉਨ੍ਹਾਂ ਵੱਲੋਂ ਗੁਲਾਬ ਦੀ ਕਾਸ਼ਤ ਸਾਰਾ ਸਾਲ ਹੀ ਕੀਤੀ ਜਾਂਦੀ ਹੈ । ਰਵਾਇਤੀ ਤੌਰ ਤੇ ਝੋਨੇ-ਕਣਕ ਦੀ ਕਾਸ਼ਤ ਕਰਨ ਕਰਕੇ ਪਹਿਲਾਂ ਪਹਿਲ ਉਨ੍ਹਾਂ ਲਈ ਫੁੱਲਾਂ ਦੀ ਕਾਸ਼ਤ ਨੂੰ ਅਪਣਾਉਣਾ ਬਹੁਤ ਔਖਾ ਸੀ, ਪ੍ਰੰਤੂ ਉਨ੍ਹਾਂ ਨੇ ਹੌਂਸਲਾ ਨਹੀਂ ਛੱਡਿਆ ਅਤੇ ਪਰਿਵਾਰ ਦੀ ਨਰਾਜ਼ਗੀ ਅਤੇ ਅਸਹਿਮਤੀ ਦੇ ਬਾਵਜੂਦ ਰਵਾਇਤੀ ਫ਼ਸਲਾਂ ਦੀ ਜਗ੍ਹਾ ਫੁੱਲਾਂ ਦੀ ਕਾਸ਼ਤ ਵਿੱਚ ਮੁਹਾਰਤ ਹਾਸਲ ਕਰਨ ਦਾ ਜਜਬਾ ਬਰਕਰਾਰ ਰੱਖਿਆ । ਇਸ ਲਈ ਉਨ੍ਹਾਂ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਤੋਂ ਫੁੱਲਾਂ, ਫ਼ਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਅਤੇ ਇਸਦੇ ਪ੍ਰਬੰਧ ਸੰਬੰਧੀ ਸਿਖਲਾਈ ਪ੍ਰਾਪਤ ਕੀਤੀ । ਉਹ ਫਾਰਮ ਸਲਾਹਕਾਰ ਸੇਵਾ ਸਕੀਮ ਫਿਰੋਜ਼ਪੁਰ ਦੇ ਸਰਗਰਮ ਮੈਂਬਰ ਹਨ । ਇਹ ਨੌਜਵਾਨ ਕਿਸਾਨ ਸਾਲ 2010 ਤੋਂ ਕ੍ਰਿਸ਼ੀ ਵਿਗਿਆਨ ਕੇਂਦਰ ਫਿਰੋਜ਼ਪੁਰ ਦੇ ਸਾਇੰਸਦਾਨਾਂ ਦੇ ਨਾਲ ਜੁੜੇ ਹਨ । ਉਹ ਸੰਨ 1993 ਤੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਆਯੋਜਿਤ ਕੀਤੇ ਜਾਂਦੇ ਮੇਲਿਆਂ ਵਿੱਚ ਲਗਾਤਾਰ ਭਾਗ ਲੈ ਰਹੇ ਹਨ ।

ਜਸਵੰਤ ਸਿੰਘ ਨੇ ਦੱਸਿਆ ਕਿ ਫੁੱਲਾਂ ਦੀ ਖੇਤੀ ਦੀ ਸ਼ੁਰੂਆਤ ਉਨ੍ਹਾਂ ਨੇ ਸੰਨ 1995 ਵਿੱਚ ਇੱਕ ਮਰਲੇ ਜ਼ਮੀਨ ਤੋਂ ਗੇਂਦੇ ਦੀ ਕਾਸ਼ਤ ਨਾਲ ਸ਼ੁਰੂ ਕੀਤੀ ਜਿਸ ਤੋਂ 7000 ਰੁਪਏ ਦੀ ਆਮਦਨ ਹੋਈ । ਉਨ੍ਹਾਂ ਦਾ ਹੌਂਸਲਾ ਵੱਧ ਗਿਆ ਹੈ ਅਤੇ

ਹੌਲੀ-ਹੌਲੀ ਉਨ੍ਹਾਂ ਨੇ ਹੋਰ ਫੁੱਲਾਂ ਜਿਵੇਂ ਕਿ ਗੁਲਾਬ, ਗੁਲਦਾਉਦੀ ਦੀ ਰਜਨੀਗੰਧਾ ਅਤੇ ਗਲੈਡਿਉਲਸ ਦੀ ਕਾਸ਼ਤ ਨੂੰ ਵੀ ਅਪਣਾਇਆ ਅਤੇ ਫੁੱਲਾਂ ਥੱਲੇ ਰਕਬਾ 2 ਕਿੱਲੇ ਤੱਕ ਵਧਾ ਲਿਆ । ਉਹ ਅਗਸਤ ਮਹੀਨੇ ਦੋ ਏਕੜ ਜ਼ਮੀਨ ਤੇ ਗਲੈਡਿਉਲਸ ਦੀਆਂ ਵੱਖ-ਵੱਖ ਕਿਸਮਾਂ ਜਿਵੇਂ ਕਿ ਅਮਰੀਕਨ ਬਿਊਟੀ, ਲਾਲ ਗਲੈਡਿਉਲਸ ਦੀ ਯੂਰੋਵਿਜ਼ਨ, ਗੁਲਾਬੀ ਰੰਗ ਦੀ ਸੁਪਰੀਮ ਅਤੇ ਚਿੱਟੇ ਰੰਗ ਲਈ ਵਾਈਟ ਪ੍ਰੋਸਪੈਰਿਟੀ ਦੀ ਬਿਜਾਈ ਕਰਦੇ ਹਨ । ਉਨ੍ਹਾਂ ਨੇ ਦੋਹਰੀ ਕਤਾਰ ਵਾਲੀ ਬਿਜਾਈ ਦੇ ਢੰਗ ਨੂੰ ਅਪਣਾਇਆ ਹੈ । ਇਸ ਤਰੀਕੇ ਨਾਲ ਅਲੱਗ-ਅਲੱਗ ਕਿਸਮਾਂ ਦੇ ਗਲੈਡਿਉਲਸ ਦੇ ਫੁੱਲ ਪ੍ਰਾਪਤ ਹੁੰਦੇ ਹਨ ਜੋ ਕਿ ਗਾਹਕ ਦੀ ਮੰਗ ਨੂੰ ਪੂਰਾ ਕਰਦੇ ਹਨ। ਉਨ੍ਹਾਂ ਨੇ ਆਪਣੇ ਤਜ਼ਰਬੇ ਰਾਹੀਂ ਇੱਕ ਮਸ਼ੀਨ ਵੀ ਵਿਕਸਿਤ ਕੀਤੀ ਹੈ ਜੋ ਕਿ ਫੁੱਲਾਂ ਦੀ ਕਾਸ਼ਤ ਲਈ ਲੋੜੀਂਦੇ ਬੈਡ ਅਤੇ ਵੱਟਾਂ ਤਿਆਰ ਕਰਦੀ ਹੈ ਜਿਸ ਦੇ ਨਾਲ ਨਾ ਸਿਰਫ਼ ਸਮੇਂ ਦੀ ਬੱਚਤ ਹੁੰਦੀ ਹੈ ਸਗੋਂ ਫੁੱਲਾਂ ਦੇ ਸਲਾਨਾ ਝਾੜ ਵਿੱਚ ਵੀ ਵਾਧਾ ਹੁੰਦਾ ਹੈ । ਗਲੈਡਿਉਲਸ ਦੀ ਫ਼ਸਲ ਲੈਣ ਤੋਂ ਬਾਅਦ ਉਹ ਮੱਕੀ ਦੀ ਕਾਸ਼ਤ ਕਰਦੇ ਹਨ । ਦੋ ਏਕੜ ਰਕਬੇ ਵਿੱਚ ਗਲੈਡਿਉਲਸ ਲਗਾਉਣ ਤੇ ਚਾਰ ਲੱਖ ਦਾ ਲੱਗਭਗ ਮੁਨਾਫ਼ਾ ਹੁੰਦਾ ਹੈ ਕਿਉਂਕਿ ਗਲੈਡਿਉਲਸ ਦੀ ਇੱਕ ਡੰਡੀ ਦੋ ਤੋਂ ਲੈ ਕੇ ਪੰਜ ਰੁਪੈ ਦੀ ਮੰਡੀ ਵਿੱਚ ਵਿਕਦੀ ਹੈ । ਗਰਮੀਆਂ ਦੇ ਮੌਸਮ ਵਿੱਚ ਲਗਾਏ ਗੇਂਦੇ ਦਾ ਝਾੜ 80 ਕੁਇੰਟਲ ਅਤੇ ਬਰਸਾਤੀ ਮੌਸਮ ਵਿੱਚ ਲਗਾਏ ਗੇਂਦੇ ਦਾ ਝਾੜ 80-100 ਕੁਇੰਟਲ ਦਾ ਹੋ ਜਾਂਦਾ ਹੈ । ਗੇਂਦੇ ਦੀ ਫ਼ਸਲ ਤੋਂ ਉਨ੍ਹਾਂ ਨੂੰ ਲਗਭਗ ਇੱਕ ਲੱਖ ਦਾ ਮੁਨਾਫ਼ਾ ਹੁੰਦਾ ਹੈ । ਉਹ ਇਕ ਕਨਾਲ ਵਿੱਚ ਗੁਲਾਬ ਅਤੇ ਦੋ ਕਨਾਲ ਵਿੱਚ ਗੁਲਦਾਉਦੀ ਦੀ ਕਾਸ਼ਤ ਕਰਦੇ ਹਨ ਜਿਸ ਤੋਂ ਤਕਰੀਬਨ ਦੋ ਲੱਖ ਦਾ ਨਿਰੋਲ ਮੁਨਾਫ਼ਾ ਹੁੰਦਾ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਉਹ ਫੁੱਲਾਂ ਦੀ ਕਾਸ਼ਤ ਤੋਂ ਇਲਾਵਾ ਫੁੱਲਾਂ ਦਾ ਬੀਜ ਪੈਦਾ ਕਰਨ ਵਿੱਚ ਵੀ ਸਮਰੱਥ ਹਨ । ਬੀਜ ਦੀ ਵਿਕਰੀ ਤੋਂ ਉਨ੍ਹਾਂ ਨੂੰ ਚੋਖੀ ਆਮਦਨ ਹੁੰਦੀ ਹੈ । ਜਸਵੰਤ ਸਿੰਘ ਦੇ ਵਿਸ਼ਲੇਸ਼ਣ ਦੇ ਅਨੁਸਾਰ ਉਹ ਕੇਵਲ ਮਿਹਨਤ ਅਤੇ ਲਗਨ ਨਾਲ ਫੁੱਲਾਂ ਦੀ ਕਾਸ਼ਤ ਨਹੀਂ ਕਰਦੇ, ਸਗੋਂ ਆਪਣੇ ਫਾਰਮ ਦੇ ਖਰਚੇ ਅਤੇ ਮੁਨਾਫ਼ੇ ਦਾ ਲੇਖਾ ਜੋਖਾ ਵੀ ਬਹੁਤ ਧਿਆਨ ਨਾਲ ਰੱਖਦੇ ਹਨ । ਉਹ ਵਿਆਹ ਦੇ ਮੌਕਿਆਂ ਤੇ ਪੈਲੇਸ ਅਤੇ ਕਾਰ ਦੀ ਸਜਾਵਟ ਕਰਕੇ ਲਗਭਗ ਦੋ ਲੱਖ ਸਲਾਨਾ ਆਮਦਨ ਲੈ ਰਹੇ ਹਨ । ਉਹ ਫੁੱਲਾਂ ਦੀ ਸਜਾਵਟ ਖੁਦ ਵੀ ਕਰਦੇ ਹਨ ਤੇ ਦਿਹਾੜੀ ਤੇ ਬੰਦੇ ਵੀ ਰੱਖਦੇ ਹਨ ਜਿਸ ਨਾਲ ਫੁੱਲਾਂ ਦੀ ਵਿਕਰੀ ਨਾਲੋਂ ਸਜਾਵਟ ਦੇ ਕੰਮ ਵਿੱਚ ਜ਼ਿਆਦਾ ਮੁਨਾਫ਼ਾ ਖਟ ਰਹੇ ਹਨ ।

ਉਹ ਤਾਜ਼ੇ ਫੁੱਲਾਂ ਦਾ ਮੰਡੀਕਰਨ ਅੰਮ੍ਰਿਤਸਰ, ਜਲਾਲਾਬਾਦ, ਫਾਜ਼ਿਲਕਾ, ਮੋਗਾ, ਲੁਧਿਆਣਾ ਅਤੇ ਜਲੰਧਰ ਵਰਗੇ ਸ਼ਹਿਰਾਂ ਵਿੱਚ ਕਰਦੇ ਹਨ । ਫੁੱਲਾਂ

ਦੀ ਕਾਸ਼ਤ ਵਿੱਚ ਉਹ ਖੁਦ ਤਿਆਰ ਕੀਤੀ ਗੰਡੋਇਆ ਦੀ ਖਾਦ ਦੀ ਵਰਤੋਂ ਨੂੰ ਤਰਜੀਹ ਦਿੰਦੇ ਹਨ ਜਿਸ ਦੇ ਲਈ ਉਨ੍ਹਾਂ ਨੇ ਵਰਮੀ ਕੰਪੋਸਟ ਦਾ ਯੂਨਿਟ ਬਣਾਇਆ ਹੋਇਆ ਹੈ ਜਿਸ ਤੋਂ ਤਕਰੀਬਨ ਸਾਲ ਵਿੱਚ ਦੋ ਕੁਇੰਟਲ ਖਾਦ ਪੈਦਾ ਹੋ ਜਾਂਦੀ ਹੈ । ਸ. ਜਸਵੰਤ ਸਿੰਘ ਨੇ ਸੰਨ 2000 ਵਿੱਚ ਸਬਜ਼ੀਆਂ ਦੀ ਕਾਸ਼ਤ ਦਾ ਕੰਮ ਵੀ ਆਰੰਭਿਆ ਸੀ ਜੋ ਕਿ ਉਨ੍ਹਾਂ ਨੇ ਸਿਰਫ਼ ਦੋ ਸਾਲ ਹੀ ਕੀਤਾ ਅਤੇ ਜ਼ਿਆਦਾ ਮੁਨਾਫ਼ਾ ਨਾ ਹੋਣ ਦੀ ਸੂਰਤ ਵਿੱਚ ਉਨ੍ਹਾਂ ਨੇ ਇਹ ਕੰਮ ਛੱਡ ਦਿੱਤਾ ਸੀ ਤੇ ਆਪਣਾ ਪੂਰਾ ਧਿਆਨ ਫੁੱਲਾਂ ਦੀ ਖੇਤੀ ਤੇ ਹੀ ਦੇਣਾ ਸ਼ੁਰੂ ਕੀਤਾ । ਉਹ ਦੋ ਏਕੜ ਰਕਬੇ ਵਿੱਚ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਨੂੰ ਅਪਣਾਉਂਦੇ ਹਨ। ਸਬਜ਼ੀਆਂ, ਹਲਦੀ ਅਤੇ ਗੰਨਾ ਉਹ ਅੱਧੇ ਏਕੜ ਵਿੱਚ ਘਰੇਲੂ ਖਪਤ ਲਈ ਪੈਦਾ ਕਰਦੇ ਹਨ ਜਿਸ ਦੇ ਨਾਲ ਪੈਸੇ ਦੀ ਬੱਚਤ ਵੀ ਹੁੰਦੀ ਹੈ ਅਤੇ ਵਾਧੂ ਫ਼ਸਲ ਨੂੰ ਵੇਚ ਕੇ ਨਿਰੋਲ ਮੁਨਾਫ਼ਾ ਵੀ ਖੱਟਦੇ ਹਨ । ਉਨ੍ਹਾਂ ਦਾ ਆਪਣਾ 5-6 ਮੱਝਾਂ ਦਾ ਡੇਅਰੀ ਦਾ ਕੰਮ ਵੀ ਹੈ ਜਿਨ੍ਹਾਂ ਤੋਂ ਛੇ ਹਜ਼ਾਰ ਲਿਟਰ ਦੁੱਧ ਦੀ ਪੈਦਾਵਾਰ ਸਲਾਨਾ ਹੋ ਜਾਂਦੀ ਹੈ । ਉਹ ਦੱਸਦੇ ਹਨ ਕਿ ਉਨ੍ਹਾਂ ਨੇ ਫੁੱਲਾਂ ਦੀ ਖੇਤੀ ਵਿੱਚ ਜੋ ਮੁਹਾਰਤ ਹਾਸਲ ਕੀਤੀ ਹੈ ਉਹ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਫਿਰੋਜ਼ਪੁਰ ਦੇ ਵਿਗਿਆਨੀਆਂ ਨਾਲ ਮਿਲ ਕੇ ਅਤੇ ਸਿਖਲਾਈ ਉਪਰੰਤ ਹੋਈ ਹੈ। ਇਹ ਰਾਬਤਾ ਰੱਖਣ ਨਾਲ ਉਨ੍ਹਾਂ ਨੂੰ ਇਸ ਕਿੱਤੇ ਸੰਬੰਧੀ ਨਵੀਨਤਮ ਤਕਨੀਕਾਂ ਅਤੇ ਲੋੜੀਂਦੀ ਜਾਣਕਾਰੀ ਮਿਲਦੀ ਰਹਿੰਦੀ ਹੈ । ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਗਿਆਨੀਆਂ ਦੇ ਸੰਪਰਕ ਵਿੱਚ ਵੀ ਰਹਿੰਦੇ ਹਨ । ਉਹ ਖੇਤੀ ਸੰਬੰਧੀ ਨਵੀਨਤਮ ਸਾਹਿਤ ਪੜ੍ਹਨ ਦਾ ਸ਼ੌਕ ਵੀ ਰੱਖਦੇ ਹਨ ਅਤੇ ਨਵੀਆਂ ਤਕਨੀਕਾਂ ਨੂੰ ਅਪਨਾਉਣ ਲਈ ਤਤਪਰ ਰਹਿੰਦੇ ਹਨ। ਸਿੰਚਾਈ ਦੀ ਵਰਤੋਂ ਕਰਦੇ ਹਨ ਅਤੇ ਮਿੱਟੀ ਦੀ ਸਿਹਤ ਨੂੰ ਬਣਾਈ ਰੱਖਣ ਲਈ ਉਹ ਜੈਵਿਕ ਅਤੇ ਹਰੀ ਖਾਦ ਦੀ ਵਰਤੋਂ ਕਰਦੇ ਹਨ । ਜਸਵੰਤ ਸਿੰਘ ਨੂੰ ਸਾਲ 2014 ਵਿੱਚ ਪੀ ਏ ਯੂ ਲੁਧਿਆਣਾ ਵੱਲੋਂ ਸਰਦਾਰ ਸੁਰਜੀਤ ਸਿੰਘ ਢਿੱਲੋਂ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ । ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਸੁਪਤਨੀ ਗੁਰਵਿੰਦਰ ਕੌਰ ਅਤੇ ਦੋ ਬੱਚੇ ਨਾ ਸਿਰਫ਼ ਉਸਦਾ ਹੌਂਸਲਾ ਵਧਾਉਂਦੇ ਹਨ ਬਲਕਿ ਕੰਮ ਵਿੱਚ ਵੀ ਹੱਥ ਵਟਾਉਂਦੇ ਹਨ । ਉਹ ਫੁੱਲਾਂ ਦੀ ਖੇਤੀ ਦੇ ਕੰਮ ਨੂੰ ਭਵਿੱਖ ਵਿੱਚ ਵੱਡੇ ਪੱਧਰ ਤੇ ਲੈ ਕੇ ਜਾਣ ਦੇ ਇਛੁੱਕ ਹਨ । ਛੋਟੇ ਕਿਸਾਨਾਂ ਨੂੰ ਉਨ੍ਹਾਂ ਦਾ ਇਹੀ ਸੁਨੇਹਾ ਹੈ ਕਿ ਉਹ ਵਿਗਿਆਨਕ ਤਰੀਕੇ ਨਾਲ ਖੇਤੀ ਕਰਨ ਤਾਂ ਜੋ ਉਹਨਾਂ ਦੀ ਆਰਥਿਕ ਹਾਲਤ ਮਜ਼ਬੂਤ ਹੋਵੇ ਤੇ ਜ਼ਿੰਦਗੀ ਖੁਸ਼ਹਾਲ ਹੋਵੇ। ਪ੍ਰਮਾਤਮਾ ਕਰੇ ਕਿ ਇਸ ਉੱਦਮੀ ਕਿਸਾਨ ਦੇ ਸੁਪਨਿਆਂ ਨੂੰ ਹੋਰ ਬੂਰ ਆਵੇ ਤੇ ਲਗਾਤਾਰ ਆਪਣੀਆਂ ਮੰਜ਼ਿਲਾਂ ਤੇ ਅਗਾਂਹ ਵੱਧਦਾ ਰਹੇ ।